Alberta

ਨਿਊਜ਼ ਰਿਲੀਜ਼

## 18+ ਉਮਰ ਵਾਲਿਆਂ

# 18+ ਉਮਰ ਵਾਲਿਆਂ ਲਈ ਕੌਂਵਿਡ-19 ਬੂਸਟਰ ਵਿਲਕਪਾਂ 'ਚ ਵਿਸਤਾਰ ਲਿਆਉਣਾ

19 ਜੁਲਾਈ 2022

ਕੌਂਵਿਡ-19 ਵੈਕਸੀਨ ਦੀ ਦੂਸਰੀ ਬੂਸਟਰ ਖੁਰਾਕ ਦੀ ਵਿਸਤਰਿਤ ਉਪਲਬਧਤਾ ਐਲਬਰਟਾ ਨਿਵਾਸੀਆਂ ਨੂੰ ਉਨ੍ਹਾਂ ਦੇ ਖਤਰੇ ਦੇ ਨਿੱਜੀ ਕਾਰਕਾਂ ਦੇ ਆਧਾਰ 'ਤੇ ਕੌਂਵਿਡ-19 ਤੋਂ ਉਨ੍ਹਾਂ ਦੀ ਸੁਰੱਖਿਆ 'ਚ ਵਾਧੇ ਲਈ ਵਧੇਰੇ ਵਿਕਲਪ ਮੁਹੱਈਆ ਕਰੇਗੀ।

ਐਲਬਰਟਾ ਨਿਵਾਸੀ ਸਾਹ-ਪ੍ਰਣਾਲੀ ਦੀਆਂ ਹੋਰ ਬੀਮਾਰੀਆਂ, ਜਿਵੇਂ ਇੰਨਫਲੂਐਂਜ਼ਾ ਦੇ ਨਾਲ ਨਾਲ ਇੰਨ੍ਹਾਂ ਗਰਮੀਆਂ ਦੌਰਾਨ ਅਤੇ ਪੱਤਝੜ ਤੇ ਸਰਦੀਆਂ 'ਚ ਦਾਖਲ ਹੁੰਦਿਆਂ ਕੌਂਵਿਡ-19 ਦੇ ਵਧੇਰੇ ਫੈਲਾਅ ਦੇ ਸਮਿਆਂ ਨੂੰ ਵੇਖਣ ਦੀ ਉਮੀਦ ਕਰ ਸਕਦੇ ਹਨ।

ਓਮੀਕਰੋਨ ਬੀ ਏ 5 ਵੇਰੀਐਂਟ ਇਸ ਮੌਜੂਦਾ ਸਮੇਂ ਐਲਬਰਟਾ 'ਚ ਸਭ ਤੋਂ ਵੱਧ ਪ੍ਰਚਲਤ ਕਿਸਮ ਹੈ। ਅੰਕੜੇ ਦੱਸਦੇ ਹਨ ਕਿ ਇਹ ਵੇਰੀਐਂਟ ਵਧੇਰੇ ਪ੍ਰਸਾਰਯੋਗ ਹੈ ਪਰੰਤੂ ਇਹ ਗੰਭੀਰ ਸਿੱਟਿਆਂ ਦੇ ਵੱਧਦੇ ਹੋਏ ਖਤਰੇ ਵੱਲ ਇਸ਼ਾਰਾ ਨਹੀਂ ਕਰਦਾ। ਕੌਂਵਿਡ-19 ਦੀ ਦੂਸਰੀ ਬੂਸਟਰ ਖੁਰਾਕ ਦੀ ਵਿਸਤਰਿਤ ਉਪਲਬਧਤਾ ਖਤਰੇ ਵਿਚਲੇ ਐਲਬਰਟਾ ਨਿਵਾਸੀਆਂ ਨੂੰ ਕਮਿਊਨਿਟੀਆਂ 'ਚ ਵਧੇ ਹੋਏ ਫੈਲਾਵਾਂ ਦੇ ਇਸ ਸਮੇਂ ਦੌਰਾਨ ਆਪਣੀ ਸੁਰੱਖਿਆ ਵਧਾਉਣ ਸਬੰਧੀ ਵਧੇਰੇ ਵਿਕਲਪ ਪ੍ਰਦਾਨ ਕਰੇਗੀ।

20 ਜੁਲਾਈ ਤੋਂ ਸ਼ੁਰੂ ਕਰਦਿਆਂ, 18 ਸਾਲ ਜਾਂ ਵੱਧ ਉਮਰ ਦੇ ਐਲਬਰਟਾ ਨਿਵਾਸੀ ਆਪਣੀ ਪਹਿਲੀ ਬੂਸਟਰ ਖੁਰਾਕ ਲੈਣ ਤੋਂ ਮਗਰੋਂ ਪੰਜ ਮਹੀਨਿਆਂ ਜਾਂ ਵੱਧ ਸਮੇਂ ਬਾਦ mRNA ਦੀ ਦੂਸਰੀ ਬੂਸਟਰ ਖੁਰਾਕ ਲਈ ਐਪੁਆਇੰਟਮੈਂਟਾਂ ਬੁੱਕ ਕਰਨ ਦੀ ਚੋਣ ਕਰ ਸਕਦੇ ਹਨ। ਇਹ ਖੁਰਾਕ ਉਨ੍ਹਾਂ ਲਈ ਸਭ ਤੋਂ ਵੱਧ ਫਾਇਦੇਮੰਦ ਹੈ ਜਿਹੜੇ ਗੰਭੀਰ ਸਿੱਟਿਆਂ ਦੇ ਵੱਡੇ ਖਤਰੇ 'ਚ ਹਨ।

## ਦੂਸਰੀ ਬੂਸਟਰ ਖੁਰਾਕ ਲਈ ਬੁੱਕਿੰਗ ਕਰਨਾਂ

20 ਜੁਲਾਈ ਤੋਂ ਸ਼ੁਰੂ ਕਰਦਿਆਂ, 18 ਸਾਲ ਜਾਂ ਵੱਧ ਉਮਰ ਦੇ ਐਲਬਰਟਾ ਨਿਵਾਸੀ ਆਪਣੀ ਅੰਤਲੀ ਖੁਰਾਕ ਲੈਣ ਤੋਂ ਮਗਰੋਂ ਪੰਜ ਮਹੀਨਿਆਂ ਬਾਦ ਦੂਸਰੀਆਂ ਬੂਸਟਰ ਖੁਰਾਕਾਂ ਲਈ ਐਪੁਆਇੰਟਮੈਂਟਾਂ ਬੁੱਕ ਕਰ ਸਕਦੇ ਹਨ। ਐਲਬਰਟਾ ਵੈਕਸੀਨ ਬੁੱਕਿੰਗ ਸਿਸਟਮ ਦੀ ਵਰਤੋਂ ਕਰਦਿਆਂ ਆਨਲਾਈਨ ਜਾਂ 811 'ਤੇ ਫੋਨ ਕਰਨ ਦੁਆਰਾ ਬੁੱਕ ਕਰੋ। ਕੁਝ ਚੋਣਵੀਆਂ ਫਾਰਮੇਸੀਆਂ ਵਾਕ-ਇੰਨ ਐਪੁਆਇੰਟਮੈਂਟਾਂ ਮਨਜ਼ੂਰ ਕਰਨਗੀਆਂ।

ਇਹ ਵੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕੌਂਵਿਡ-19 ਦੀ ਇੰਨਫੈਕਸ਼ਨ ਹੋ ਜਾਣ ਮਗਰੋਂ ਬੂਸਟਰ ਖੁਰਾਕ ਲੈਣ ਤੋਂ ਪਹਿਲਾਂ ਘੱਟੋ ਘੱਟ ਤਿੰਨ ਮਹੀਨੇ ਇੰਤਜ਼ਾਰ ਕੀਤੀ ਜਾਵੇ।

## ਜੈਨਸੈੱਨ ਬੂਸਟਰ ਖੁਰਾਕਾਂ

ਉਹ ਐਲਬਰਟਾ ਨਿਵਾਸੀ ਜਿਹੜੇ ਘੱਟੋ ਘੱਟ ਦੋ ਮਹੀਨੇ ਪਹਿਲਾਂ ਜੈਨੈਸੱਨ ਦੀ ਇਕ ਖੁਰਾਕ ਲੈ ਚੁੱਕੇ ਹਨ, ਉਹ ਹੁਣ ਬੂਸਟਰ ਖੁਰਾਕ ਲੈਣ ਵਾਸਤੇ ਯੋਗ ਹਨ। ਸੀਮਤ ਸਪਲਾਈ ਦੇ ਕਾਰਨ ਐਪੁਆਇੰਟਮੈਂਟਾਂ ਕੇਵਲ 811 ਨੂੰ ਫੋਨ ਕਰਕੇ ਹੀ ਬੁੱਕ ਕੀਤੀਆਂ ਜਾ ਸਕਦੀਆਂ ਹਨ।

ਪ੍ਰਾਇਮਰੀ ਸੀਰੀਜ਼ ਅਤੇ ਬੂਸਟਰ ਖੁਰਾਕਾਂ ਬਾਰੇ ਵਧੇਰੇ ਵਿਸਥਾਰ ਲੈਣ ਲਈ alberta.ca/vaccine ਵੇਖੋ।

## ਸਬੰਧਤ ਜਾਣਕਾਰੀ

- [ਕੋਵਿਡ-19 ਵੈਕਸੀਨ ਅਤੇ ਰਿਕਾਰਡ]

